ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਪੰਜਾਬੀ ਮਿੰਨੀ ਕਹਾਣੀ ਉੱਪਰ ਹੋਈ ਖੋਜ: ਸਰਵੇਖਣ ਤੇ ਮੁਲਾਂਕਣ



ਡਾ. ਗੁਰਪ੍ਰੀਤ ਸਿੰਘ
ਸਹਾਇਕ ਪ੍ਰੋਫੈਸਰ
(ਪੰਜਾਬੀ)
ਬਾਬਾ ਫ਼ਰੀਦ ਕਾਲਜ,
ਬਠਿੰਡਾ
+9196466-00666

ਮਿੰਨੀ ਕਹਾਣੀ ਕਥਾਕਾਰ ਦੀ ਪ੍ਰਯੋਗਵਾਦੀ ਦ੍ਰਿਸ਼ਟੀ ਅਤੇ ਪਾਠਕ ਦੀ ਲੋੜ ਵਿਚੋਂ ਸਰੂਪ ਗ੍ਰਹਿਣ ਕਰਦੀ ਹੈ। ਇਸ ਵਿਚ ਕਥਾ ਵਾਲੇ ਸਾਰੇ ਤੱਤ ਸ਼ਾਮਲ ਹੁੰਦੇ ਹਨ। ਵਾਧੂ ਤੱਤ ਇਹ ਹੁੰਦਾ ਹੈ ਕਿ ਇਹ ਰਮਜ਼ ਅਤੇ ਸੰਜਮ ਵਾਲੀ ਸ਼ੈਲੀ/ਬੋਲੀ ਰਾਹੀਂ ਮਨੁੱਖ ਦੀ ਜ਼ਿੰਦਗੀ ਦੇ ਵਿਸ਼ਾਲ ਵਰਤਾਰਿਆਂ ਨੂੰ ਇਕ ਪਲ ਵਿਚ ਜਾਂ ਇਕ ਬਿੰਦੂ ਵਿਚ ਸਮੇਟਣ ਦੀ ਸਮਰੱਥਾ ਰੱਖਦੀ ਹੈ। ਇਸ ਤੋਂ ਇਲਾਵਾ ਇਸ ਦਾ ਲਘੂ ਆਕਾਰ, ਤੀਖਣ ਵਿਅੰਗਮਈ ਸ਼ੈਲੀ, ਬਹੁ-ਪਰਤੀ ਪ੍ਰਤੀਕ ਯੋਜਨਾ, ਸੰਕੇਤਕ ਸਿਰਲੇਖ ਅਤੇ ਪਾਠਕ ਨੂੰ ਹੈਰਾਨ ਕਰ ਦੇਣ ਵਾਲਾ ਅੰਤ ਇਸ ਨੂੰ ਵਿਲੱਖਣ ਬਣਾ ਦਿੰਦੇ ਹਨ। ਇਉਂ ਇਸ ਦਾ ਸੁਤੰਤਰ ਸਾਹਿਤਕ ਰੂਪਾਕਾਰ ਵਜੋਂ ਸਰੂਪ ਗ੍ਰਹਿਣ ਕਰਨਾ ਇਸ ਦੇ ਥੀਮਕ ਪਸਾਰ ਅਤੇ ਸੰਰਚਨਾਤਮਕ ਪਸਾਰ ਦੀਆਂ ਵਿਸ਼ੇਸ਼ਤਾਵਾਂ ਕਰਕੇ ਸੰਭਵ ਹੋ ਸਕਦਾ ਹੈ।

## ਮਿੰਨੀ ਕਹਾਣੀ ਦਾ ਸਰੂਪ ਅਤੇ ਵਿਸ਼ਾ-ਵਸਤੂ

ਮਿੰਨੀ ਕਹਾਣੀ ਲੇਖਕ ਦੀ ਸੰਵੇਦਨਾਂ ਅਤੇ ਮਨੋਭਾਵਾਂ ਨੂੰ ਲਘੂ ਰੂਪ ਵਿਚ ਵਿਅਕਤ ਕਰਨ ਵਾਲੀ ਵਿਧਾ ਹੈ। ਇਹ ਆਮ ਮਨੁੱਖ ਜਾਂ ਪਾਠਕ ਦੀ ਸੰਵੇਦਨਾ ਦਾ ਸਧਾਰਨੀਕਰਨ ਵੀ ਕਰਦੀ ਹੈ। ਇਕ ਗਲਪੀ ਵਿਧਾ ਹੋਣ ਦੇ ਨਾਤੇ ਮਿੰਨੀ ਕਹਾਣੀ ਮਨੁੱਖੀ ਅਨੁਭਵਾਂ ਦੀ ਆਦਰਸ਼, ਕਾਲਪਨਿਕ, ਕਲਾਤਮਕ ਅਤੇ ਸੰਵੇਦਨਾ ਭਰੀ ਪੇਸ਼ਕਾਰੀ ਹੁੰਦੀ ਹੈ। ਇਹ ਮਨੁੱਖ ਦੇ ਸਮਾਜਿਕ ਅਤੇ ਸਭਿਆਚਾਰਕ ਜੀਵਨ ਦੀਆਂ ਤਲਖ਼ ਹਕੀਕਤਾਂ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰ ਸਕਣ ਦੀ ਸਮਰੱਥਾ ਰੱਖਦੀ ਹੈ। ਮਿੰਨੀ ਕਹਾਣੀ ਦੀ ਰਫ਼ਤਾਰ ਬਹੁਤ ਤੇਜ਼ ਅਤੇ ਵਿਸ਼ਾ ਬਹੁਤ ਸੂਖਮ ਹੁੰਦਾ ਹੈ।

ਪੰਜਾਬੀ ਮਿੰਨੀ ਕਹਾਣੀ ਦਾ ਵਿਕਾਸ ਪੰਜਾਬੀ ਨਿੱਕੀ ਕਹਾਣੀ ਵਿਚੋਂ ਹੋਇਆ ਮੰਨ ਲਿਆ ਜਾਂਦਾ ਹੈ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਤੱਕ ਨਿੱਕੀ ਕਹਾਣੀ ਵਿਧਾਗਤ ਅਤੇ ਵਿਸ਼ਾਗਤ ਪੱਖ ਤੋਂ ਮੁਕੰਮਲ ਵਿਕਾਸ ਕਰ ਚੁੱਕੀ ਸੀ। ਹਰ ਦ੍ਰਿਸ਼ਟੀ, ਹਰ ਲਹਿਰ ਅਤੇ ਹਰ ਵਿਚਾਰਧਾਰਾ ਦੇ ਅੰਤਰਗਤ ਨਿੱਕੀ ਕਹਾਣੀ ਸਿਰਜੀ ਜਾ ਚੁੱਕੀ/ਰਹੀ ਹੈ। ਇਸੇ ਦੌਰਾਨ ਪ੍ਰਯੋਗਵਾਦੀ ਲਹਿਰ ਦੇ ਅੰਤਰਗਤ ਸਾਹਿਤ ਦੇ ਸਾਰੇ ਖੇਤਰਾਂ ਵਿਚ ਪ੍ਰਯੋਗ ਹੋਏ। ਪੰਜਾਬੀ ਕਹਾਣੀ ਸਿਰਜਨਾ ਦੇ ਖੇਤਰ ਵਿਚ ਵੀ ਨਵੇਂ ਪ੍ਰਯੋਗ ਹੋਏ, ਜਿਨ੍ਹਾਂ ਦੇ ਤਹਿਤ ਪੰਜਾਬੀ ਕਹਾਣੀ ਦੀ ਅਜਿਹੀ ਵੰਨਗੀ ਦੀ ਤਲਾਸ਼ ਹੋਈ ਜਿਸ ਨੂੰ ਜਲਦੀ ਪੜ੍ਹ ਲਿਆ ਜਾ ਸਕੇ, ਵਿਸ਼ੇ ਦੇ ਪੱਖ ਤੋਂ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਰਗਾ ਵਾਪਰ ਸਕੇ ਅਤੇ

ਨਵੀਆਂ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਕੇ ਕਿਸੇ ਅਜਿਹੀ ਕਹਾਣੀ ਦੀ ਸਿਰਜਣਾ ਕੀਤੀ ਜਾ ਸਕੇ ਜੋ ਜਲਦੀ ਮਕਬੂਲ ਵੀ ਹੋ ਜਾਵੇ ਅਤੇ ਜਿਸ ਦੀ ਸਿਰਜਣਾ ਵੀ ਆਸਾਨ ਹੋਵੇ।

ਪੰਜਾਬੀ ਮਿੰਨੀ ਕਹਾਣੀ ਦੇ ਅੰਸ਼ ਤਾਂ ਪ੍ਰਾਚੀਨ ਜਾਂ ਮੱਧਕਾਲੀ ਸਾਹਿਤ ਵਿਚੋਂ ਖੋਜੇ ਜਾਂਦੇ ਹਨ ਪਰ ਇਸ ਦੀ ਚੇਤੰਨ ਰੂਪ ਵਿਚ ਸਿਰਜਨਾ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਸ਼ੁਰੂ ਹੋਈ। ਸ਼ੁਰੂ ਵਿਚ ਇਸ ਨੂੰ ਛੋਟੇ ਅਕਾਰ ਦੀ ਕਹਾਣੀ ਜਾਂ ਲਘੂ ਕਥਾ ਦਾ ਨਾਮ ਦਿੱਤਾ ਗਿਆ। ਇਸ ਲਘੂ ਕਥਾ ਲਈ ਵਿਸ਼ੇ ਦੀ ਚੋਣ ਅਤੇ ਬਿਰਤਾਂਤਕ ਜੁਗਤਾਂ ਦੀ ਵਰਤੋਂ ਆਪਹੁਦਰੀ ਜਾਂ ਆਪਮੁਹਾਰੀ ਨਾ ਹੋ ਕੇ ਚੇਤੰਨ ਰੂਪ ਵਿਚ ਕੀਤੀ ਜਾਂਦੀ ਸੀ। ਇਸੇ ਕਰਕੇ ਪੰਜਾਬੀ ਮਿੰਨੀ ਕਹਾਣੀ ਦਾ ਵਿਲੱਖਣ ਸਰੂਪ ਹੋਂਦ ਵਿਚ ਆਇਆ। ਇਉਂ 1990 ਦਾ ਦਹਾਕਾ ਮਿੰਨੀ ਕਹਾਣੀ ਨੂੰ ਸਿਧਾਂਤਬੱਧ ਕਰਨ ਵਾਲਾ ਮੁੱਢਲਾ ਦੌਰ ਸੀ। ਇਸ ਬਾਰੇ ਜਗਦੀਸ਼ ਅਰਮਾਨੀ ਦਾ ਇਹ ਵਿਚਾਰ ਬਹੁਤ ਅਹਿਮ ਹੈ ਕਿ, "ਮਿੰਨੀ ਕਹਾਣੀ ਨਵੀਨ ਕਲਾ ਹੈ ਪਰ ਨਵੀਨ ਵਿਧਾ ਨਹੀਂ। ਭਾਈ ਮਨੀ ਸਿੰਘ ਦੀਆਂ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਵਿਚ ਅੰਕਿਤ ਢੇਰ ਸਾਰੀਆਂ ਲਘੂ ਕ੍ਰਿਤੀਆਂ ਦੇ ਕਾਰਨ ਉਹ ਪੰਜਾਬੀ ਮਿੰਨੀ ਕਹਾਣੀ ਦਾ ਮੋਢੀ ਹੋਣ ਦਾ ਪੂਰਾ ਹੱਕਦਾਰ ਹੈ।"[1] ਇਸ ਵਿਚਾਰ ਅਨੁਸਾਰ ਉਦੋਂ ਤੱਕ ਮਿੰਨੀ ਕਹਾਣੀ, ਪ੍ਰਚੱਲਤ ਕਹਾਣੀ ਦਾ ਉਪ-ਰੂਪ ਸੀ ਜਦੋਂ ਕਿ ਇਹ ਇਕ ਵੱਖਰੀ ਵਿਧਾ ਵਜੋਂ ਬਾਅਦ ਵਿਚ ਵਿਕਸਿਤ ਹੋਇਆ। ਕੁਝ ਵਿਦਵਾਨਾਂ ਅਨੁਸਾਰ ਮਿੰਨੀ ਕਹਾਣੀ ਨੇ ਆਪਣੇ ਪੂਰਵਲੇ (ਲਗਭਗ ਤਿੰਨ ਸਦੀਆਂ ਪਹਿਲਾਂ ਤੱਕ ਦੇ) ਸਮੇਂ ਦੀਆਂ ਕਥਾਤਮਕ, ਬਿਰਤਾਂਤਕ ਅਤੇ ਵਾਰਤਕ ਰਚਨਾਵਾਂ (ਪ੍ਰਾਚੀਨ ਕਥਾਵਾਂ) ਵਿਚੋਂ ਸਰੂਪ ਗ੍ਰਹਿਣ ਕੀਤਾ ਹੈ। ਕੁਝ ਵਿਦਵਾਨ ਇਸ ਵਿਚਾਰ ਨਾਲ ਅਸਹਿਮਤੀ ਵੀ ਪ੍ਰਗਟਾਉਂਦੇ ਹਨ। ਜਿਸ ਗੱਲ 'ਤੇ ਸਾਰੇ ਵਿਦਵਾਨ ਇਕਮੱਤ ਹਨ ਉਹ ਇਹ ਹੈ ਕਿ ਆਧੁਨਿਕ ਕਾਲ ਦੇ ਪੰਜਾਬੀ ਕਥਾ ਸਾਹਿਤ ਵਿਚ ਮਿੰਨੀ ਕਹਾਣੀ ਦੇ ਅੰਸ਼ ਜਸਵੰਤ ਸਿੰਘ ਕੰਵਲ ਦੀ ਪੁਸਤਕ 'ਜੀਵਨ ਕਣੀਆਂ' (1944) ਅਤੇ ਇਸ ਤੋਂ ਬਾਅਦ ਦੇ ਕੁਝ ਕਥਾਕਾਰਾਂ ਦੀਆਂ ਲਘੂ ਰਚਨਾਵਾਂ ਵਿਚੋਂ ਮਿਲਦੇ ਹਨ।

ਮੰਡੀ, ਤਕਨਾਲੋਜੀ, ਵਿਸ਼ਵੀਕਰਨ, ਨਿੱਜੀਕਰਨ, ਉਦਾਰੀਕਰਨ ਆਦਿ ਵਰਤਾਰਿਆਂ ਕਰਕੇ ਮਨੁੱਖ ਅੱਤ ਪਦਾਰਥਵਾਦੀ ਅਤੇ ਪੂੰਜੀ ਕੇਂਦ੍ਰਿਤ ਹੋ ਗਿਆ। ਉਸ ਕੋਲ ਆਪਣੇ ਮਨੋਰੰਜਨ ਲਈ ਅਤੇ ਤਾਲੀਮਯਾਫ਼ਤਾ ਹੋਣ ਲਈ ਵੀ ਸਮਾਂ ਨਾ ਰਿਹਾ। ਅਜਿਹੇ ਸਮੇਂ

ਵਿਚ ਮਿੰਨੀ ਕਹਾਣੀ ਵਰਗੇ ਸਾਹਿਤਕ ਰੂਪਾਕਾਰ ਹਰਮਨਪਿਆਰੇ ਹੋ ਜਾਂਦੇ ਹਨ ਜਿਹੜੇ ਬਹੁਤ ਹੀ ਥੋੜ੍ਹੇ ਸਮੇਂ ਵਿਚ ਪਾਠਕ ਦਾ ਮਨੋਰੰਜਨ ਅਤੇ ਮਾਰਗ ਦਰਸ਼ਨ ਕਰਦੇ ਹਨ। ਇਉਂ ਮਿੰਨੀ ਕਹਾਣੀ ਨੂੰ ਨਵ-ਸਿਰਜਿਤ ਸਮਾਜ-ਸਭਿਆਚਾਰਕ ਸਥਿਤੀਆਂ ਅਤੇ ਪ੍ਰਸਥਿਤੀਆਂ ਵਿਚੋਂ ਪੈਦਾ ਹੋਇਆ ਨਵੀਨ ਸਾਹਿਤ ਰੂਪਾਕਾਰ ਵੀ ਮੰਨਿਆ ਜਾਂਦਾ ਹੈ। ਇਹ ਪਾਠਕ ਵਿਚਲੀ ਕਾਹਲ, ਉਤਸੁਕਤਾ ਅਤੇ ਤਲਿਸਮੀ ਸੰਸਾਰ ਨੂੰ ਹੁਲਾਰਾ ਦਿੰਦੀ ਹੈ। ਡਾ. ਸਵਿੰਦਰ ਸਿੰਘ ਉੱਪਲ ਦੀ ਮਿੰਨੀ ਕਹਾਣੀ ਦੀਆਂ ਤਕਨੀਕਾਂ ਬਾਰੇ ਧਾਰਨਾ ਹੈ ਕਿ, "ਮਿੰਨੀ ਕਹਾਣੀ ਵਿਚ ਘਟਨਾਵਾਂ ਦੇ ਨਾਟਕੀਪਣ, ਭਾਵਾਂ ਦੀ ਤੀਖਣਤਾ ਅਤੇ ਮਾਨਸਿਕ ਬਿਰਤੀ ਦੇ ਸੰਕੇਤ ਦਾ ਖਿਆਲ ਰੱਖਣਾ ਪੈਂਦਾ ਹੈ ਤਾਂ ਜੋ ਤੀਰ ਦੀ ਨੋਕ ਵਾਂਗ ਪਾਠਕ ਦੇ ਕਲੇਜੇ ਵਿਚ ਚੁਭ ਜਾਵੇ।"[2]

ਵੀਹਵੀਂ ਸਦੀ ਦੇ ਅੰਤ ਤੱਕ ਦੇ ਕਥਾਕਾਰਾਂ ਜਸਵੰਤ ਸਿੰਘ ਕੰਵਲ, ਬਿਸ਼ਨ ਸਿੰਘ, ਜਗਦੀਸ਼ ਅਰਮਾਨੀ, ਗੁਰਮੇਲ ਮਡਾਹੜ, ਸੋਹਿੰਦਰ ਸਿੰਘ ਵਣਜਾਰਾ ਬੇਦੀ, ਸੁਰਜੀਤ ਸਿੰਘ ਸੇਠੀ, ਦਲੀਪ ਕੌਰ ਟਿਵਾਣਾ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਤੇਜਵੰਤ ਮਾਨ, ਰਾਮ ਸਰੂਪ ਅਣਖੀ, ਸੁਖਬੀਰ ਆਦਿ ਦੀਆਂ ਇਸ ਸਰੂਪ ਵਾਲੀਆਂ ਰਚਨਾਵਾਂ ਨੂੰ ਲਘੂ ਕਥਾਵਾਂ ਕਿਹਾ ਗਿਆ। ਬਾਅਦ ਵਿਚ ਇਹਨਾਂ ਕਥਾਵਾਂ ਲਈ ਵਰਤਿਆ ਜਾਣ ਵਾਲਾ ਸ਼ਬਦ 'ਲਘੂ' 'ਮਿੰਨੀ' ਵਿਚ ਤਬਦੀਲ ਹੋ ਗਿਆ। ਡਾ. ਸ਼ਿਆਮ ਸੁੰਦਰ ਦੀਪਤੀ ਇਸ ਵਿਚਾਰ ਨੂੰ ਵਿਸਥਾਰ ਦਿੰਦਾ ਹੋਇਆ ਕਹਿੰਦਾ ਹੈ ਕਿ, "ਮਿੰਨੀ ਦਾ ਅਰਥ ਹੈ ਆਕਾਰ ਤੋਂ, ਕਹਾਣੀ ਉਹ ਹੈ ਜੋ ਕਿ ਕਹਾਣੀ ਵਾਲੇ ਤੱਤ ਜਾਂ ਰਸ ਰੱਖਦੀ ਹੋਵੇ। ਮਿੰਨੀ ਕਹਾਣੀ ਉਹ ਹੋ ਸਕਦੀ ਹੈ ਜੋ ਆਪਣੇ-ਆਪ ਵਿਚ ਸਿਰਫ਼ ਇਕ ਪਲ ਜਾਂ ਛਿਣ ਨੂੰ ਹੀ ਨਾਲ ਰੱਖੇ ਅਤੇ ਉਸ ਨੂੰ ਕਲਾਮਈ ਢੰਗ ਨਾਲ ਪੇਸ਼ ਕਰੇ ਕਿ ਉਹ ਕਹਾਣੀ ਬਣ ਜਾਵੇ।"[3]

ਆਪਣੀ ਹੋਂਦ ਅਤੇ ਪਛਾਣ ਲਈ ਜੂਝ ਰਹੇ ਮਨੁੱਖ ਦੇ ਜੀਵਨ ਦੀ ਸੂਖ਼ਮਤਾ ਨੂੰ ਸਮਝਣ ਲਈ ਆਧੁਨਿਕ ਯੁਗ ਵਿਚ ਬਹੁਤ ਸਾਰੀਆਂ ਚਿੰਤਨ ਧਾਰਾਵਾਂ ਜਿਵੇਂ ਮਨੋਵਿਗਿਆਨ, ਨਾਰੀਵਾਦ, ਪੂਰਬਵਾਦ, ਹੋਂਦਵਾਦ, ਚਿੰਨ੍ਹ ਵਿਗਿਆਨ, ਸੰਰਚਨਾਵਾਦ ਆਦਿ ਵਿਕਸਿਤ ਹੋ ਚੁਕੀਆਂ ਹਨ। ਇਹ ਧਾਰਾਵਾਂ ਮਿੰਨੀ ਕਹਾਣੀ ਵਰਗੇ ਰੂਪਾਕਾਰਾਂ ਰਾਹੀਂ ਮਨੁੱਖੀ ਵਰਤਾਰਿਆਂ ਦੀ ਸੂਖ਼ਮਤਾ ਨੂੰ ਸਿਧਾਂਤਬੱਧ ਕਰਕੇ ਪ੍ਰਸਤੁਤ ਕਰ ਰਹੀਆਂ ਹਨ। ਕਥਾ-ਸ਼ਾਸਤਰੀ ਮਹਿਤਾਬ-ਉਦ-ਦੀਨ ਵੀ ਇਸ ਕਥਨ ਨੂੰ ਵਿਸਥਾਰ ਦਿੰਦਾ ਹੈ, "ਆਧੁਨਿਕ ਮਿੰਨੀ ਕਹਾਣੀ ਦਾ ਪ੍ਰਚਲਣ ਬਾਕਾਇਦਾ 1960 ਤੋਂ ਬਾਅਦ ਵਿਚ ਪੰਜਾਬੀ ਸਾਹਿਤ ਵਿਚ

ਪ੍ਰਯੋਗਸ਼ੀਲ ਲਹਿਰ ਦੀ ਆਮਦ ਨਾਲ ਵੇਖਿਆ ਜਾ ਸਕਦਾ ਹੈ ਜਦ ਮਨੁੱਖੀ ਜ਼ਿੰਦਗੀ ਦੇ ਨਿੱਕੇ ਤੋਂ ਨਿੱਕੇ ਛਿਣ ਦਾ ਮੁੱਲ ਪਿਆ ਅਤੇ ਉਸ ਛਿਣ ਨੂੰ ਆਲੋਚਨਾਤਮਕ ਵਿਸ਼ਲੇਸ਼ਣਾਤਮਕ ਅਤੇ ਸੂਖ਼ਮ ਨਜ਼ਰੀਏ ਨਾਲ ਘੋਖਣ ਪਰਖਣ ਦੀ ਜ਼ਰੂਰਤ ਮਹਿਸੂਸ ਹੋਈ।"[4]

ਮਿੰਨੀ ਕਹਾਣੀ ਦੀ ਸੰਰਚਨਾ ਨੂੰ ਵਿਅੰਗ, ਚੁਟਕਲੇ, ਲਘੂ ਵਾਰਤਕ ਰਚਨਾਵਾਂ, ਲਘੂ ਵਿਚਾਰ ਲੇਖਣੀਆਂ ਆਦਿ ਦੇ ਨਾਲ ਰਲਗੱਡ ਕਰ ਦਿੱਤਾ ਜਾਂਦਾ ਹੈ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਮਿੰਨੀ ਕਹਾਣੀ ਵਿਚ ਕਈ ਵਾਰ ਕੋਈ ਪਾਤਰ ਜਾਂ ਘਟਨਾ ਨਹੀਂ ਹੁੰਦੀ ਸਗੋਂ ਕੇਵਲ ਇਕ ਵਿਚਾਰ ਜਾਂ ਇਕ ਪਲ ਦੀ ਵਿਆਖਿਆ ਹੁੰਦੀ ਹੈ। ਦੂਸਰਾ ਕਾਰਨ ਇਹ ਹੈ ਕਿ ਲਘੂ ਅਕਾਰ ਹੋਣ ਕਰਕੇ ਮਿੰਨੀ ਕਹਾਣੀ ਵਿਚ ਕਥਾ ਜੁਗਤਾਂ ਦੀ ਸਾਰਥਕ, ਚੇਤੰਨ ਅਤੇ ਭਰਪੂਰ ਵਰਤੋਂ ਕਈ ਵਾਰ ਅਸੰਭਵ ਹੋ ਜਾਂਦੀ ਹੈ। ਡਾ. ਅਮਰ ਕੋਮਲ ਇਹਨਾਂ ਵਿਚਲੇ ਅੰਤਰ ਨੂੰ ਤਾਰਕਿਕ ਰੂਪ ਵਿਚ ਸਪੱਸ਼ਟ ਕਰ ਦਿੰਦੇ ਹਨ, "ਮਿੰਨੀ ਕਹਾਣੀ ਜ਼ਿੰਦਗੀ ਦੇ ਵਿਸ਼ਾਲ ਵਸਤੂ ਦਾ ਇਕ ਟੋਟਾ ਹੈ, ਜਿਸ ਵਿਚ ਥੋੜ੍ਹਾ ਕੁ ਵਰਨਣ, ਥੋੜ੍ਹਾ ਕੁ ਸੰਵਾਦ ਹੁੰਦਾ ਹੈ, ਜਿਸ ਦਾ ਤੇਜ਼ ਗਤੀ ਵਾਲਾ ਆਰੰਭ, ਮੱਧ ਅਤੇ ਅੰਤ ਹੁੰਦਾ ਹੈ, ਜਿਸ ਦੀ ਆਪਣੀ ਹਕੀਕਤ ਹੈ, ਜਿਸ ਦਾ ਆਪਣਾ ਦਰਸ਼ਨ ਹੈ, ਆਪਣੀ ਸ਼ੋਭਾ ਤੇ ਆਪਣੀ ਕਲਾ ਹੈ।"[5] ਇਸ ਤਰ੍ਹਾਂ ਮਿੰਨੀ ਕਹਾਣੀ ਦਾ ਸੰਰਚਨਾਤਮਕ ਪਸਾਰ ਅਤੇ ਥੀਮ ਇਸ ਨੂੰ ਬਾਕੀ ਲਘੂ ਅਕਾਰੇ ਵਾਰਤਕ ਰੂਪਾਂ ਨਾਲੋਂ ਵਖਰਿਆ ਦਿੰਦਾ ਹੈ।

**ਮਿੰਨੀ ਕਹਾਣੀ ਸੰਬੰਧੀ ਪ੍ਰਾਪਤ ਖੋਜ ਦਾ ਜਾਇਜ਼ਾ**

ਰਸਾਲਿਆਂ ਅਤੇ ਅਖ਼ਬਾਰਾਂ ਵਿਚ ਮਿੰਨੀ ਕਹਾਣੀ 1970 ਤੋਂ ਬਾਅਦ ਛਪਣੀ ਸ਼ੁਰੂ ਹੋ ਗਈ। ਕਿਤਾਬੀ ਰੂਪ ਵਿਚ ਸਭ ਤੋਂ ਪਹਿਲਾਂ ਸਤਵੰਤ ਕੈਂਥ ਨੇ ਆਪਣਾ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ 'ਮਿੰਨੀ ਕਹਾਣੀ' ਸਿਰਲੇਖ ਹੇਠ 1972 ਵਿਚ ਛਪਵਾਇਆ। ਇਸ ਤੋਂ ਪਿੱਛੋਂ 'ਤਰਕਸ਼' ਸਿਰਲੇਖ ਹੇਠ ਰੋਸ਼ਨ ਫੂਲਵੀ ਅਤੇ ਓਮ ਪ੍ਰਕਾਸ਼ ਗਾਸੋ ਨੇ ਮਿੰਨੀ ਕਹਾਣੀਆਂ ਦਾ ਸੰਗ੍ਰਹਿ 1973 ਵਿਚ ਸੰਪਾਦਿਤ ਕੀਤਾ। ਇਸ ਤੋਂ ਬਾਅਦ ਮਿੰਨੀ ਕਹਾਣੀ ਮੁਸਲਸਲ ਛਪਦੀ ਰਹੀ ਅਤੇ ਕਹਾਣੀਕਾਰ ਮੁੱਢਲੇ ਸ਼ਬਦਾਂ ਦੇ ਰੂਪ ਵਿਚ ਇਸ ਪ੍ਰਯੋਗ ਬਾਰੇ ਆਲੋਚਨਾਤਮਕ ਟਿੱਪਣੀਆਂ ਵੀ ਦਿੰਦੇ ਰਹੇ। 1982 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੈਗਜ਼ੀਨ 'ਖੋਜ ਪੱਤ੍ਰਿਕਾ' ਦੇ 'ਗਲਪ ਵਿਸ਼ੇਸ਼ ਅੰਕ' ਵਿਚ ਪ੍ਰਕਾਸ਼ਤ ਡਾ. ਅਮਰ ਕੋਮਲ ਦੇ ਲੇਖ 'ਪੰਜਾਬੀ ਕਹਾਣੀ ਦਾ ਨਵਾਂ ਰੂਪ: ਮਿੰਨੀ ਕਹਾਣੀ'

ਨੇ ਮਿੰਨੀ ਕਹਾਣੀ ਦੇ ਸਿਧਾਂਤਕ ਚੌਖਟੇ ਬਾਰੇ ਚਰਚਾ ਛੇੜ ਦਿੱਤੀ। ਇਸ ਉਪਰੰਤ ਮਿੰਨੀ ਕਹਾਣੀ ਦੇ ਖੇਤਰ ਵਿਚ ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਖੋਜ ਦਾ ਵਿਧੀਵਤ ਆਰੰਭ ਸ਼ੁਰੂ ਹੋ ਗਿਆ।

1988 ਵਿਚ ਛਪੀ ਮਹਿਤਾਬ-ਉਦ-ਦੀਨ ਦੀ ਪੁਸਤਕ **'ਪੰਜਾਬੀ ਮਿੰਨੀ ਕਹਾਣੀ ਪ੍ਰਾਪਤੀਆਂ ਅਤੇ ਸੰਭਾਵਨਾਵਾਂ'** ਵਿਚੋਂ ਪੰਜਾਬੀ ਮਿੰਨੀ ਕਹਾਣੀ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਗਦੀਸ਼ ਅਰਮਾਨੀ ਨੇ **'ਪੰਜਾਬੀ ਮਿੰਨੀ ਕਹਾਣੀ – ਇਕ ਅਧਿਐਨ'** ਸਿਰਲੇਖ ਹੇਠ 1993 ਵਿਚ ਪੁਸਤਕ ਪ੍ਰਕਾਸ਼ਿਤ ਕਰਵਾਈ। ਇਹ ਪੁਸਤਕ ਪੰਜਾਬੀ ਮਿੰਨੀ ਕਹਾਣੀ ਦੇ ਸਿਧਾਂਤ ਦੀਆਂ ਬੁਨਿਆਦਾਂ ਨੂੰ ਪੇਸ਼ ਕਰਦੀ ਹੋਈ ਇਸ ਦੇ ਸੰਖੇਪ ਇਤਿਹਾਸ ਨੂੰ ਵੀ ਪੇਸ਼ ਕਰ ਰਹੀ ਹੈ। ਡਾ. ਅਮਰ ਕੋਮਲ ਦੀ ਪੁਸਤਕ **'ਮਿੰਨੀ ਕਹਾਣੀ ਦਾ ਕਥਾ ਸ਼ਾਸਤਰ'** 1995 ਵਿਚ ਛਪੀ। ਇਹ ਪੁਸਤਕ ਕਹਾਣੀ ਦੇ ਸੰਰਚਨਾਤਮਕ ਪਸਾਰ ਉੱਪਰ ਕੇਂਦ੍ਰਿਤ ਹੈ। 1996 ਵਿਚ ਡਾ. ਅਨੂਪ ਸਿੰਘ ਦੀ ਛਪੀ ਪੁਸਤਕ **'ਮਿੰਨੀ ਕਹਾਣੀ: ਵਿਕਾਸ ਪੜਾਅ'** ਵਿਚ ਮਿੰਨੀ ਕਹਾਣੀ ਦੇ ਇਤਿਹਾਸਕ ਵਿਕਾਸ ਨੂੰ ਪੜਾਵਾਂ ਵਿਚ ਵੰਡ ਕੇ ਪੇਸ਼ ਕੀਤਾ ਹੈ। 1998 ਵਿਚ ਕਰਮਵੀਰ ਸਿੰਘ ਦੀ ਪੁਸਤਕ **'ਪੰਜਾਬੀ ਮਿੰਨੀ ਕਹਾਣੀ: ਨਿਕਾਸ ਅਤੇ ਵਿਕਾਸ'** ਛਪੀ। ਇਹ ਪੁਸਤਕ ਭਾਸ਼ਾ ਵਿਭਾਗ ਪੰਜਾਬ ਨੇ ਲਿਖਵਾਈ ਜਿਸ ਵਿਚ ਪੰਜਾਬੀ ਕਹਾਣੀ ਦੀ ਉਤਪਤੀ ਅਤੇ ਇਸ ਦੇ ਵਿਕਾਸ ਨੂੰ ਪੇਸ਼ ਕੀਤਾ ਹੈ।

ਯੂਨੀਵਰਸਿਟੀਆਂ ਦੇ ਅਕਾਦਮਿਕ ਖੋਜ ਕਾਰਜ ਦੇ ਖੇਤਰ ਵਿਚ 2001 ਤੱਕ ਮਿੰਨੀ ਕਹਾਣੀ ਬਾਰੇ ਰਸਮੀ ਚਰਚਾ ਹੋਈ। ਸਭ ਤੋਂ ਪਹਿਲਾਂ 2002 ਵਿਚ ਨਾਇਬ ਸਿੰਘ ਨੇ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਤੋਂ ਐਮ. ਫ਼ਿਲ. ਦੀ ਡਿਗਰੀ ਹਾਸਲ ਕਰਨ ਲਈ **'ਪ੍ਰਤੀਨਿਧ ਪੰਜਾਬੀ ਮਿੰਨੀ ਕਹਾਣੀ ਦਾ ਆਲੋਚਨਾਤਮਕ ਅਧਿਐਨ'** ਵਿਸ਼ੇ ਉੱਪਰ ਵਿਧੀਵਤ ਖੋਜ ਕਾਰਜ ਕੀਤਾ। ਇਸ ਖੋਜ ਕਾਰਜ ਵਿਚ ਪੰਜਾਬੀ ਮਿੰਨੀ ਕਹਾਣੀ ਦੇ ਸਿਧਾਂਤ, ਸਰਵੇਖਣ ਅਤੇ ਥੀਮ ਬਾਰੇ ਚਰਚਾ ਕੀਤੀ ਗਈ ਹੈ ਅਤੇ ਕਹਾਣੀਆਂ ਦਾ ਵਿਹਾਰਕ ਵਿਸਲੇਸ਼ਣ ਕੀਤਾ ਗਿਆ ਹੈ। ਇਸ ਤੋਂ ਬਾਅਦ ਰਮਨਦੀਪ ਕੌਰ ਨੇ 2008 ਵਿਚ **'ਕਰਮਵੀਰ ਸਿੰਘ ਦੀ ਕਹਾਣੀ ਕਲਾ (ਮਿੰਨੀ ਕਹਾਣੀ ਦੇ ਵਿਸ਼ੇਸ਼ ਪ੍ਰਸੰਗ ਵਿਚ)'** ਵਿਸ਼ੇ ਉੱਪਰ ਖੋਜ ਕਾਰਜ ਕਰਕੇ ਐਮ.ਫ਼ਿਲ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਖੋਜ ਕਾਰਜ ਵਿਚ ਪੰਜਾਬੀ ਮਿੰਨੀ ਕਹਾਣੀ ਦੇ ਕਲਾਤਮਕ ਪੱਖ ਬਾਰੇ ਚਰਚਾ ਕੀਤੀ ਗਈ

ਅਤੇ ਕਰਮਵੀਰ ਸਿੰਘ ਦੀ ਮਿੰਨੀ ਕਹਾਣੀ ਕਲਾ ਨੂੰ ਵਿਚਾਰਿਆ ਗਿਆ। ਜਗਦੀਸ਼ ਰਾਏ ਕੁਲਰੀਆਂ ਨੇ 2008 ਵਿਚ **'ਪੰਜਾਬੀ ਔਰ ਹਿੰਦੀ ਲਘੂਕਥਾ ਕਾ ਤੁਲਨਾਤਮਕ ਅਧਿਐਨ'** ਵਿਸ਼ੇ ਉੱਪਰ ਖੋਜ ਕਾਰਜ ਕਰਕੇ ਐਮ. ਫ਼ਿਲ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਖੋਜ ਕਾਰਜ ਵਿਚ ਮਿੰਨੀ ਕਹਾਣੀ ਦੀ ਸੰਰਚਨਾ ਬਾਰੇ ਅਤੇ ਹਿੰਦੀ ਮਿੰਨੀ ਕਹਾਣੀ ਅਤੇ ਪੰਜਾਬੀ ਮਿੰਨੀ ਕਹਾਣੀ ਦਾ (ਰੂਪ ਅਤੇ ਵਸਤੂ ਦੇ ਪੱਖ ਤੋਂ) ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ। ਹਰਪ੍ਰੀਤ ਸਿੰਘ ਨੇ 2009 ਵਿਚ **'ਪੰਜਾਬੀ ਮਿੰਨੀ ਕਹਾਣੀ: ਵਿਸ਼ਾਗਤ ਅਧਿਐਨ (ਸਤਵੰਤ ਕੈਂਥ, ਜਗਦੀਸ਼ ਅਰਮਾਨੀ, ਰਾਜਿੰਦਰ ਕੌਰ ਵੰਤਾ, ਡਾ. ਸ਼ਿਆਮ ਸੁੰਦਰ ਦੀਪਤੀ, ਸ਼ਿਆਮ ਸੁੰਦਰ ਅਗਰਵਾਲ ਅਤੇ ਕਰਮਵੀਰ ਦੇ ਵਿਸ਼ੇਸ਼ ਪ੍ਰਸੰਗ ਵਿਚ)** ਵਿਸ਼ੇ ਉੱਪਰ ਖੋਜ ਕਾਰਜ ਕਰਕੇ ਐਮ.ਫ਼ਿਲ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਖੋਜ ਕਾਰਜ ਵਿਚ ਮਿੰਨੀ ਕਹਾਣੀ ਦੀ ਸਿਧਾਂਤਕਾਰੀ ਦੇ ਵਿਭਿੰਨ ਪਹਿਲੂਆਂ ਉੱਪਰ ਚਰਚਾ ਕੀਤੀ ਅਤੇ ਚੁਣੇ ਗਏ ਕਹਾਣੀਕਾਰਾਂ ਦੀਆਂ ਕਹਾਣੀਆਂ ਦਾ ਵਿਸ਼ਾਗਤ ਅਧਿਐਨ ਕੀਤਾ। ਜਗਜੀਤ ਸਿੰਘ ਨੇ 2009 ਵਿਚ **'ਪੰਜਾਬੀ ਮਿੰਨੀ ਕਹਾਣੀ ਦਾ ਆਲੋਚਨਾਤਮਕ ਅਧਿਐਨ (ਰਘਬੀਰ ਸਿੰਘ ਮਹਿਮੀ ਦੇ ਸੰਦਰਭ ਵਿਚ)'** ਵਿਸ਼ੇ ਉੱਪਰ ਖੋਜ ਕਾਰਜ ਕਰਕੇ ਐਮ.ਫ਼ਿਲ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਖੋਜ ਕਾਰਜ ਵਿਚ ਮਿੰਨੀ ਕਹਾਣੀ ਦੇ ਸੰਰਚਨਾਤਮਕ ਪਸਾਰ ਬਾਰੇ ਚਰਚਾ ਕੀਤੀ ਗਈ ਅਤੇ ਨਾਲ ਹੀ ਰਘਬੀਰ ਸਿੰਘ ਮਹਿਮੀ ਦੀਆਂ ਕਹਾਣੀਆਂ ਦੀ (ਮਿੰਨੀ ਕਹਾਣੀ ਸੰਰਚਨਾ ਦੇ ਪੱਖ ਤੋਂ) ਵਿਹਾਰਕ ਆਲੋਚਨਾ ਕੀਤੀ। ਦਵਿੰਦਰ ਸਿੰਘ ਪਨੇਸਰ ਨੇ 2010 ਵਿਚ **'ਮਿੰਨੀ ਪਾਏ ਬਾਤ: ਮਿੰਨੀ ਕਹਾਣੀ ਦਾ ਕਾਵਿ ਸ਼ਾਸਤਰ'** ਵਿਸ਼ੇ ਉੱਪਰ ਖੋਜ ਕਾਰਜ ਕਰਕੇ ਐਮ.ਫ਼ਿਲ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਖੋਜ ਕਾਰਜ ਵਿਚ ਪ੍ਰਿੰਸੀਪਲ ਇਕਬਾਲਦੀਪ ਸਿੰਘ ਦੀ ਮਿੰਨੀ ਕਹਾਣੀ ਕਲਾ ਉੱਪਰ ਵਿਚਾਰ ਚਰਚਾ ਕੀਤੀ ਹੈ। ਨਾਲ ਹੀ ਮਿੰਨੀ ਕਹਾਣੀ ਦੇ ਸੰਰਚਨਾਤਮਕ ਪੈਮਾਨਿਆਂ ਨੂੰ ਵਿਚਾਰਿਆ ਹੈ। ਨਾਇਬ ਸਿੰਘ ਨੇ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਤੋਂ **'ਪੰਜਾਬੀ ਮਿੰਨੀ ਕਹਾਣੀ: ਸਿਧਾਂਤ ਅਤੇ ਵਿਹਾਰ'** ਵਿਸ਼ੇ ਉੱਪਰ 2011 ਵਿਚ ਪੀਐਚ. ਡੀ ਦੀ ਉਪਾਧੀ ਹਾਸਲ ਕੀਤੀ। ਇਸ ਖੋਜ ਕਾਰਜ ਵਿਚ ਮਿੰਨੀ ਕਹਾਣੀ ਦੇ ਸੰਰਚਨਾਤਮਕ ਢਾਂਚੇ ਬਾਰੇ, ਇਸ ਦੀ ਹੋਰ ਸਾਹਿਤਕ ਵਿਧਾਵਾਂ ਨਾਲ ਤੁਲਨਾ ਬਾਰੇ, ਪੰਜਾਬੀ ਮਿੰਨੀ ਕਹਾਣੀ ਦੇ ਇਤਿਹਾਸ ਬਾਰੇ, ਇਸਦੇ ਵਸਤੂਗਤ ਵਿਸਲੇਸ਼ਣ ਬਾਰੇ ਅਤੇ ਇਸ ਦੇ ਸ਼ਿਲਪਗਤ ਵਿਸਲੇਸ਼ਣ ਬਾਰੇ ਚਰਚਾ ਹੋਈ ਹੈ।

ਹਰਪ੍ਰੀਤ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ **'ਪੰਜਾਬੀ ਮਿੰਨੀ ਕਹਾਣੀ: ਇਤਿਹਾਸ ਅਤੇ ਵਿਧਾਗਤ ਸਰੂਪ'** ਵਿਸ਼ੇ ਉੱਪਰ 2018 ਵਿਚ ਪੀਐਚ. ਡੀ. ਦੀ ਉਪਾਧੀ ਹਾਸਲ ਕੀਤੀ। ਇਸ ਖੋਜ ਕਾਰਜ ਵਿਚ ਪੰਜਾਬੀ ਮਿੰਨੀ ਕਹਾਣੀ ਦੇ ਨਿਕਾਸ ਅਤੇ ਵਿਕਾਸ ਬਾਰੇ ਚਰਚਾ ਹੋਈ। ਇਸ ਤੋਂ ਇਲਾਵਾ ਇਸ ਖੋਜ ਕਾਰਜ ਵਿਚ ਪੰਜਾਬੀ ਮਿੰਨੀ ਕਹਾਣੀ ਦੀ ਸਿਧਾਂਤਕਾਰੀ ਦੇ ਨਿਕਾਸ ਅਤੇ ਵਿਕਾਸ ਬਾਰੇ ਮੈਟਾ-ਆਲੋਚਨਾ ਦਾ ਕਾਰਜ ਹੋਇਆ ਹੈ।

## ਉਪਾਧੀਮੂਲਕ ਖੋਜ ਕਾਰਜ ਤੋਂ ਪ੍ਰਾਪਤ ਹੋਏ ਸਿੱਟੇ

ਪੰਜਾਬੀ ਮਿੰਨੀ ਕਹਾਣੀ ਉੱਪਰ ਹੋਏ ਉਪਰੋਕਤ ਖੋਜ ਕਾਰਜਾਂ ਰਾਹੀਂ ਇਸ ਦੇ ਸੁਤੰਤਰ ਸਾਹਿਤਕ ਸਰੂਪ ਨੂੰ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਹਾਣੀ ਦੀ ਪਰਿਭਾਸ਼ਾ ਕਰਦੇ ਹੋਏ ਇਸ ਦੀ ਵਿਲੱਖਣ ਪ੍ਰਕਿਰਤੀ, ਤੱਤ ਅਤੇ ਸਰੂਪ ਨਿਰਧਾਰਤ ਕੀਤੇ ਗਏ ਹਨ। ਇਸ ਨੂੰ ਪ੍ਰਯੋਗਸ਼ੀਲ ਲਹਿਰ ਦੀ ਪੈਦਾਵਾਰ ਕਿਹਾ ਗਿਆ ਹੈ ਜਿਸ ਤੋਂ ਇਸ ਦੇ ਸੰਰਚਨਾਤਮਕ ਲੱਛਣਾਂ ਦੀ ਨਿਸ਼ਾਨਦੇਹੀ ਕੀਤੀ ਹੋਈ ਮਿਲਦੀ ਹੈ। ਇਹਨਾਂ ਖੋਜ ਕਾਰਜਾਂ ਵਿਚ ਸੰਜਮਤਾ, ਸੰਖੇਪਤਾ, ਸੂਖ਼ਮਤਾ, ਤੀਬਰਤਾ, ਪ੍ਰਭਾਵ ਦੀ ਅਖੰਡਤਾ, ਉਤੇਜਨਾ, ਵਿਅੰਗ ਆਦਿ ਨੂੰ ਮਿੰਨੀ ਕਹਾਣੀ ਦੀਆਂ ਵਿਸ਼ੇਸ਼ਤਾਵਾਂ ਮੰਨਿਆ ਗਿਆ ਹੈ। ਦੂਜੀਆਂ ਭਾਰਤੀ ਭਾਸ਼ਾਵਾਂ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਸਿਰਜੀ ਗਈ ਮਿੰਨੀ ਕਹਾਣੀ ਦੇ ਪੰਜਾਬੀ ਮਿੰਨੀ ਕਹਾਣੀ ਉੱਪਰ ਪਏ ਪ੍ਰਭਾਵਾਂ ਉੱਪਰ ਵੀ ਚਰਚਾ ਕੀਤੀ ਗਈ ਹੈ। ਵਿਸ਼ਾ ਪੱਖ ਬਾਰੇ ਵਿਚਾਰ ਕਰਦਿਆਂ ਖੋਜਾਰਥੀਆਂ ਨੇ ਇਹਨਾਂ ਖੋਜ ਕਾਰਜਾਂ ਵਿਚ ਸਿੱਧ ਕੀਤਾ ਹੈ ਕਿ ਪਹਿਲਾਂ ਵਿਸ਼ੇ ਕੇਵਲ ਮਨੁੱਖ ਦੁਆਰਾ ਪੈਦਾ ਕੀਤੀਆਂ ਸਮਾਜਿਕ ਵਿਸੰਗਤੀਆਂ ਦੁਆਲੇ ਘੁੰਮਦੇ ਸਨ ਪਰ ਹੁਣ ਇਹਨਾਂ ਕਹਾਣੀਆਂ ਵਿਚੋਂ ਵਿਸ਼ਿਆਂ ਦੀ ਵਿਸ਼ਾਲਤਾ ਪਛਾਣੀ ਜਾ ਸਕਦੀ ਹੈ।

ਇਹਨਾਂ ਖੋਜ ਕਾਰਜਾਂ ਵਿਚ ਪੰਜਾਬੀ ਮਿੰਨੀ ਕਹਾਣੀ ਦੇ ਮੁਸਲਸਲ ਵਿਕਾਸ ਨੂੰ ਚਾਰ ਪੜਾਵਾਂ ਵਿਚ ਵੰਡ ਕੇ ਵਿਚਾਰਿਆ ਗਿਆ ਹੈ। ਪੰਜਾਬੀ ਮਿੰਨੀ ਕਹਾਣੀ ਦੇ ਇਤਿਹਾਸ ਪ੍ਰਤੀ ਵਿਭਿੰਨ ਰਾਵਾਂ ਨੇ ਅਨਿਸ਼ਚਿਤਤਾ ਵੀ ਪੈਦਾ ਕੀਤੀ ਹੈ। ਕਦੇ ਇਸ ਦਾ ਸੰਬੰਧ ਜਨਮ ਸਾਖੀਆਂ ਨਾਲ ਜੋੜਿਆ ਜਾਂਦਾ ਹੈ, ਕਦੇ ਪ੍ਰਾਚੀਨ ਭਾਰਤੀ ਲਘੂ ਕਥਾਵਾਂ ਨਾਲ ਅਤੇ ਕਦੇ ਇਸ ਨੂੰ ਆਧੁਨਿਕ ਪੂੰਜੀਵਾਦੀ ਯੁਗ ਦੀ ਦੇਣ ਵੀ ਕਿਹਾ ਜਾਂਦਾ ਹੈ। ਇਹਨਾਂ ਖੋਜ ਕਾਰਜਾਂ ਅਨੁਸਾਰ ਮਿੰਨੀ ਰਸਾਲਿਆਂ ਅਤੇ ਮੈਗਜ਼ੀਨਾਂ ਨੇ ਮਿੰਨੀ ਕਹਾਣੀ ਦੀ ਸਿਰਜਨਾ ਨੂੰ ਬਹੁਤ

ਉਤਸ਼ਾਹਿਤ ਕੀਤਾ ਹੈ। ਇਹ ਸਮੁੱਚੀ ਖੋਜ ਵੀਹਵੀਂ ਸਦੀ ਦੇ ਆਖਰੀ ਦਹਾਕੇ ਨੂੰ ਮਿੰਨੀ ਕਹਾਣੀ ਸਿਰਜਨਾ ਵਿਚ ਆਈ ਕ੍ਰਾਂਤੀ ਦੇ ਰੂਪ ਵਿਚ ਯਾਦ ਕਰਦੀ ਹੈ। ਇਨ੍ਹਾਂ ਖੋਜ ਕਾਰਜਾਂ ਵਿੱਚ ਪੰਜਾਬੀ ਮਿੰਨੀ ਕਹਾਣੀ ਦਾ ਅਧਿਐਨ ਲਈ, ਪੰਜਾਬੀ ਨਿੱਕੀ ਕਹਾਣੀ ਦੇ ਤੱਤਾਂ ਨੂੰ ਹੀ ਪੈਮਾਨੇ ਵਜੋਂ ਵਰਤਿਆ ਗਿਆ। ਜਦਕਿ ਮਿੰਨੀ ਕਹਾਣੀ ਇੱਕ ਵਿਲੱਖਣ ਸਾਹਿਤ ਰੂਪ ਹੈ।

ਹਰ ਸਾਹਿਤਕ ਵਿਧਾ ਦਾ ਆਪਣਾ ਸ਼ਾਸਤਰੀ ਢਾਂਚਾ ਹੁੰਦਾ ਹੈ ਜਿਸ ਦੇ ਆਧਾਰ ’ਤੇ ਉਸ ਦੇ ਥੀਮਕ ਪਸਾਰ ਅਤੇ ਸੰਰਚਨਾਤਮਕ ਪਸਾਰ ਦਾ ਨਿਰਧਾਰਨ ਹੁੰਦਾ ਹੈ। ਇਹ ਸ਼ਾਸਤਰੀ ਢਾਂਚਾ ਉਸ ਸਾਹਿਤਕ ਵਿਧਾ ਦੀ ਕਲਾਤਮਕ ਵਿਲੱਖਣਤਾ ਨੂੰ ਦਰਸਾਉਂਦਾ ਹੈ। ਇਸ ਦੇ ਵਿਲੱਖਣ ਪੈਮਾਨੇ ਹੁੰਦੇ ਹਨ, ਵੱਖਰੀ ਰਚਨਾ ਪ੍ਰਕਿਰਿਆ ਹੁੰਦੀ ਹੈ ਅਤੇ ਇਸ ਨੂੰ ਪਰਿਭਾਸ਼ਤ ਕਰਨ ਅਤੇ ਇਸ ਦੀ ਆਲੋਚਨਾਤਮਕ ਵਿਆਖਿਆ ਕਰਨ ਦੇ ਵੱਖਰੇ ਮਾਪਦੰਡ ਨਿਰਧਾਰਤ ਕੀਤੇ ਜਾਂਦੇ ਹਨ। ਇਸ ਜਾਵੀਏ ਤੋਂ ਜੇਕਰ ਮਿੰਨੀ ਕਹਾਣੀ ਨੂੰ ਪਰਖੀਏ ਤਾਂ ਇਸ ਦੀ ਆਲੋਚਨਾ ਅਤੇ ਖੋਜ ਦੇ ਖੇਤਰ ਵਿਚ ਕਾਰਜ ਕਰਨ ਲਈ ਬਹੁਤ ਸਾਰੀਆਂ ਸੰਭਾਵਨਾਵਾਂ ਪਈਆਂ ਹਨ।

ਪੰਜਾਬੀ ਮਿੰਨੀ ਕਹਾਣੀ ਨੂੰ ਪੰਜਾਬੀ ਕਹਾਣੀ ਦੀ ਇਕ ਸ਼ਾਖ ਮੰਨਣ ਨਾਲੋਂ ਇਸ ਨੂੰ ਵੱਖਰੇ ਸਾਹਿਤਕ ਰੂਪਾਕਾਰ ਵਜੋਂ ਪਰਿਭਾਸ਼ਤ ਕਰਨਾ ਲਾਜ਼ਮੀ ਹੈ ਤਾਂ ਕਿ ਇਸ ਦੇ ਤੱਤਾਂ, ਇਸ ਦੇ ਸੰਰਚਨਾਤਮਕ ਸਰੂਪ, ਇਸ ਦੀ ਸ਼ੈਲੀ, ਪੇਸ਼ਕਾਰੀ ਦੀਆਂ ਵਿਧੀਆਂ ਦੇ ਅਸਲੀ ਮੁਹਾਂਦਰੇ ਨੂੰ ਪਰਿਭਾਸ਼ਤ ਕੀਤਾ ਜਾ ਸਕੇ। ਪੰਜਾਬੀ ਮਿੰਨੀ ਕਹਾਣੀ ਦਾ ਸੁਤੰਤਰ ਸ਼ਾਸਤਰ ਤਿਆਰ ਕੀਤਾ ਜਾਣਾ ਬਾਕੀ ਹੈ ਜਿਸ ਨਾਲ ਪੰਜਾਬੀ ਮਿੰਨੀ ਕਹਾਣੀ ਦੀ ਪੁਨਰ ਪੜਚੋਲ ਜਾਂ ਪੁਨਰ ਵਿਆਖਿਆ ਵੀ ਕੀਤੀ ਜਾ ਸਕੇ। ਪੰਜਾਬੀ ਮਿੰਨੀ ਕਹਾਣੀ ਦਾ ਭਵਿੱਖ ਉੱਜਲ ਹੈ ਕਿਉਂਕਿ ਆਉਣ ਵਾਲਾ ਯੁੱਗ ਮਨੁੱਖ ਲਈ ਬਹੁਤ ਗੁੰਝਲਦਾਰ ਹੋਵੇਗਾ ਜਿਸ ਵਿਚ ਮਨੁੱਖ ਨੂੰ ਆਪਣਾ-ਆਪ ਗੁਆਚਦਾ ਨਜ਼ਰ ਆਵੇਗਾ। ਅਜਿਹੇ ਹਾਲਾਤ ਵਿਚ ਉਸ ਨੂੰ ਮਨੋਰੰਜਨ ਦੇ ਅਤੇ ਅਜਿਹੇ ਸਿੱਖਿਆਦਾਇਕ ਸ੍ਰੋਤਾਂ ਦੀ ਜ਼ਰੂਰਤ ਹੋਵੇਗੀ ਜੋ ਕੁਝ ਪਲਾਂ ਵਿਚ ਉਸ ਦਾ ਮਨੋਰੰਜਨ ਕਰੇ ਅਤੇ ਉਸ ਨੂੰ ਆਪਣੀ ਪਛਾਣ ਪ੍ਰਤੀ ਚੇਤੰਨ ਹੋਣ ਬਾਰੇ ਜਾਂ ਚੇਤੰਨ ਰਹਿਣ ਬਾਰੇ ਪ੍ਰੇਰਿਤ ਕਰੇ। ਪੰਜਾਬੀ ਮਿੰਨੀ ਕਹਾਣੀ ਨੂੰ ਹੋਰ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਦੀ ਮਿੰਨੀ ਕਹਾਣੀ ਦੇ ਢਾਂਚੇ ਦੇ ਪ੍ਰਸੰਗ ਵਿਚ ਤੁਲਨਾ ਕੇ ਵੀ ਵੇਖਣਾ ਲਾਜ਼ਮੀ ਹੈ ਤਾਂ ਕਿ ਇਸ ਦੇ ਨਵੀਨ ਸਰੂਪ ਨੂੰ ਸਮਝਿਆ ਅਤੇ ਵਿਚਾਰਿਆ ਜਾ ਸਕੇ।

ਪੰਜਾਬੀ ਮਿੰਨੀ ਕਹਾਣੀ ਦੀਆਂ ਡੂੰਘੀਆਂ ਜੜ੍ਹਾਂ ਭਾਰਤੀ ਕਥਾ ਪਰੰਪਰਾ ਵਿਚ ਹਨ ਜਾਂ ਪੱਛਮੀ ਸਾਹਿਤਕ ਪਰੰਪਰਾਵਾਂ ਵਿਚ ਹਨ? ਇਸ ਬਾਰੇ ਵਿਗਿਆਨਕ ਵਿਚਾਰ ਚਰਚਾ ਕਰਨੀ ਹਾਲੇ ਬਾਕੀ ਹੈ।

ਪੰਜਾਬੀ ਮਿੰਨੀ ਕਹਾਣੀ ਦੀ ਖੋਜ ਅਤੇ ਸਮੀਖਿਆ/ਆਲੋਚਨਾ ਵਿਲੱਖਣ ਢੰਗ-ਤਰੀਕਿਆਂ ਦੀ ਮੰਗ ਕਰਦੀ ਹੈ। ਜਿਸ ਤਰ੍ਹਾਂ ਪੰਜਾਬੀ ਦੇ ਸਮੁੱਚੇ ਸਾਹਿਤ ਨੂੰ ਭਾਰਤੀ/ਪੱਛਮੀ ਕਾਵਿ-ਸ਼ਾਸਤਰ ਦੇ ਪ੍ਰਸੰਗ ਵਿਚ ਅਤੇ ਨਵੀਨ ਭਾਰਤੀ/ਪੱਛਮੀ ਆਲੋਚਨਾ ਪ੍ਰਣਾਲੀਆਂ ਦੇ ਪ੍ਰਸੰਗ ਵਿਚ ਵਿਚਾਰਿਆ ਜਾਂਦਾ ਹੈ ਉਸੇ ਤਰ੍ਹਾਂ ਪੰਜਾਬੀ ਮਿੰਨੀ ਕਹਾਣੀ ਨੂੰ ਵੀ ਇਹਨਾਂ ਪ੍ਰਸੰਗਾਂ ਵਿਚ ਵਿਚਾਰਿਆ ਜਾ ਸਕਦਾ ਹੈ ਜਿਸ ਨਾਲ ਪੰਜਾਬੀ ਮਿੰਨੀ ਕਹਾਣੀ ਦਾ ਪ੍ਰਮਾਣਿਤ, ਸਰਬ-ਪੱਖੀ ਅਤੇ ਪਰਿਪੱਕ ਸਾਂਚਾ ਤਿਆਰ ਹੋ ਸਕਦਾ ਹੈ। ਇਸ ਤੋਂ ਇਲਾਵਾ ਪੰਜਾਬੀ ਮਿੰਨੀ ਕਹਾਣੀ ਦੀ ਸੰਰਚਨਾ ਨੂੰ ਪੰਜਾਬੀ ਨਿੱਕੀ ਕਹਾਣੀ, ਪੰਜਾਬੀ ਨਾਵਲ ਅਤੇ ਪੰਜਾਬੀ ਨਾਵਲੈਟ ਦੀ ਸੰਰਚਨਾ ਨਾਲ ਤੁਲਨਾ ਕਰਕੇ ਵਿਚਾਰਿਆ ਜਾ ਸਕਦਾ ਹੈ। ਯੂਨੀਵਰਸਿਟੀਆਂ ਵਿਚ ਪੰਜਾਬੀ ਮਿੰਨੀ ਕਹਾਣੀ ਉੱਪਰ ਬਹੁ-ਪਸਾਰੀ ਖੋਜ ਹੋ ਸਕਦੀ ਹੈ। ਉਪਾਧੀ ਨਿਰਪੇਖ ਖੋਜ ਦੇ ਖੇਤਰ ਵਿਚ ਵੀ ਵਿਗਿਆਨਕ ਉੱਦਮ ਹੋ ਸਕਦੇ ਹਨ।

ਸਮੁੱਚੇ ਤੌਰ ‘ਤੇ ਕਿਹਾ ਜਾ ਸਕਦਾ ਹੈ ਕਿ ਹੁਣ ਤੱਕ ਮਿੰਨੀ ਕਹਾਣੀ ਬਾਰੇ ਹੋਈ ਉਪਾਧੀਮੂਲਕ ਅਤੇ ਉਪਾਧੀ ਨਿਰਪੇਖ ਖੋਜ ਵਿੱਚ ਜ਼ਿਆਦਾਤਰ ਪੰਜਾਬੀ ਮਿੰਨੀ ਕਹਾਣੀ ਨੂੰ ਪਰੰਪਰਾਗਤ ਕਹਾਣੀ ਦੀਆਂ ਬਣੀਆਂ ਬਣਾਈਆਂ ਪੱਧਤੀਆਂ/ਮਾਪਦੰਡਾਂ ਦੇ ਆਧਾਰ ’ਤੇ ਪਰਖਿਆ ਗਿਆ ਹੈ। ਹਾਲਾਂਕਿ ਪੰਜਾਬੀ ਮਿੰਨੀ ਕਹਾਣੀ ਦਾ ਵਿਸ਼ੇਸ਼ ਸ਼ਾਸਤਰ ਤਿਆਰ ਕਰਨ ਵੱਲ ਕਿਸੇ ਖੋਜ ਕਾਰਜ ਨੇ ਉਚੇਚ ਨਹੀਂ ਕੀਤਾ। ਬਹੁਤ ਨਵੀਂ ਵਿਧਾ ਹੋਣ ਕਰਕੇ ਇਸ ਨੂੰ ਪੰਜਾਬੀ ਨਿੱਕੀ ਕਹਾਣੀ ਦਾ ਹੀ ਇਕ ਉੱਪ-ਰੂਪ ਮੰਨ ਕੇ ਵਿਚਾਰਿਆ ਜਾਂਦਾ ਰਿਹਾ ਹੈ। ਮਿੰਨੀ ਕਹਾਣੀ ਦੀ ਸਾਹਿਤਕ ਪਰਖ ਕਰਨ ਲਈ ਨਿੱਕੀ ਕਹਾਣੀ ਦੇ ਪਾਰਖੂ ਮਾਪਦੰਡਾਂ ਨੂੰ ਆਧਾਰ ਬਣਾ ਲਿਆ ਜਾਂਦਾ ਹੈ। ਇਸ ਕਰਕੇ ਮਿੰਨੀ ਕਹਾਣੀ ਦੀ ਬਣਤਰ ਨੂੰ ਨਿੱਕੀ ਕਹਾਣੀ ਦੀ ਲਘੂ ਬਣਤਰ ਦੇ ਰੂਪ ਵਿਚ ਵੀ ਪਰਿਭਾਸ਼ਤ ਕੀਤਾ ਗਿਆ ਹੈ। ਅੰਸ਼ਿਕ ਰੂਪ ਵਿਚ ਇਹਨਾਂ ਸਮੁੱਚੇ ਖੋਜ ਕਾਰਜਾਂ ਵਿਚ ਕੁਝ ਨਵੇਂ ਆਯਾਮ ਖੋਜਣ ਦੀ ਕੋਸ਼ਿਸ਼ ਹੋਈ ਹੈ ਪਰ ਪੰਜਾਬੀ ਮਿੰਨੀ ਕਹਾਣੀ ਦੀ ਵਿਸ਼ੈਗਤ ਵਿਲੱਖਣਤਾ ਅਤੇ ਸੰਚਾਰ ਜੁਗਤਾਂ ਦੀ ਵਿਲੱਖਣਤਾ ਨੂੰ ਪਛਾਣਨ ਲਈ ਕੋਈ ਢੁਕਵਾਂ ਅਤੇ ਤਾਰਕਿਕ ਖੋਜ ਕਾਰਜ ਨਹੀਂ ਹੋ ਸਕਿਆ ਹੈ ਜਿਸ ਦੀ ਕਿ ਉਮੀਦ ਕੀਤੀ ਜਾਂਦੀ ਹੈ।

## ਹਵਾਲੇ:

1. ਜਗਦੀਸ਼ ਅਰਮਾਨੀ (ਸੰਪਾ.), ਪੰਜਾਬੀ ਮਿੰਨੀ ਕਹਾਣੀ – ਇਕ ਅਧਿਐਨ, ਖ਼ੁਸ਼ਬੂ ਪ੍ਰਕਾਸ਼ਨ, ਪਟਿਆਲਾ, 1993, ਪੰਨਾ 60
2. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 28
3. ਸਤਵੰਤ ਸਿੰਘ, ਜਿੰਦਰ (ਸੰਪਾ.), ਦੁੱਧ ਦੀ ਲਾਜ, ਸ਼ਬਦ ਪ੍ਰਕਾਸ਼ਨ, ਜਲੰਧਰ, 1991, ਪੰਨਾ 61
4. ਮਹਿਤਾਬ-ਉਦ-ਦੀਨ, ਪੰਜਾਬੀ ਮਿੰਨੀ ਕਹਾਣੀ ਪ੍ਰਾਪਤੀਆਂ ਅਤੇ ਸੰਭਾਵਨਾਵਾਂ, ਸਤਵੰਤ ਪ੍ਰਕਾਸ਼ਨ, ਪਟਿਆਲਾ, 1988, ਪੰਨਾ 9
5. ਜਗਦੀਸ਼ ਅਰਮਾਨੀ (ਸੰਪਾ.), ਉਹੀ, ਪੰਨਾ 14